# ਮੈਂ ਸਰੀ ਸਕੂਲ ਡਿਸਟ੍ਰਿਕਟ ਵਿੱਚ ਆਪਣੇ ਬੱਚੇ ਨੂੰ ਕਿਵੇਂ ਰਜਿਸਟਰ ਕਰਾ ਸਕਦਾ/ਸਕਦੀ ਹਾਂ?

Surrey Schools
LEADERSHIP IN LEARNING

ਸਰੀ ਸਕੂਲ ਡਿਸਟ੍ਰਿਕਟ ਵਿੱਚ ਆਪਣੇ ਬੱਚੇ ਨੂੰ ਰਜਿਸਟਰ ਕਰਾਉਣ ਦੀ ਚੋਣ ਕਰਨ ਲਈ ਤੁਹਾਡਾ ਧੰਨਵਾਦ। ਸਾਨੂੰ ਤੁਹਾਡੇ ਬੱਚੇ ਦਾ ਡਿਸਟ੍ਰਿਕਟ ਵਿੱਚ ਸਵਾਗਤ ਕਰਨ ਦਾ ਚਾਅ ਹੈ ਅਤੇ ਅਸੀਂ ਇਹ ਪੱਕਾ ਕਰਨ ਲਈ ਵਚਨਬੱਧ ਹਾਂ ਕਿ ਤੁਹਾਡਾ ਬੱਚਾ ਜਿੰਨਾ ਛੇਤੀ ਹੋ ਸਕੇ ਕਲਾਸ ਵਿੱਚ ਦਾਖਲ ਹੋਵੇ ਅਤੇ ਪੜ੍ਹਾਈ ਸ਼ੁਰੂ ਕਰੇ।

## ਮੈਂ ਕਦੋਂ ਰਜਿਸਟਰ ਹੋ ਸਕਦਾ/ਸਕਦੀ ਹਾਂ?

ਮੌਜੂਦਾ ਸਕੂਲ ਸਾਲ ਲਈ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਸਾਰਾ ਸਾਲ ਖੁੱਲ੍ਹੀ ਰਹਿੰਦੀ ਹੈ। ਆਉਣ ਵਾਲੇ ਸਕੂਲ ਸਾਲ ਲਈ ਰਜਿਸਟ੍ਰੇਸ਼ਨ ਜਨਵਰੀ ਵਿੱਚ ਸ਼ੁਰੂ ਹੁੰਦੀ ਹੈ। ਇਸ ਵਿੱਚ ਕਿੰਡਰਗਾਰਟਨ ਦੇ ਵਿਦਿਆਰਥੀ ਵੀ ਸ਼ਾਮਲ ਹਨ।

## ਮੈਂ ਕਿਵੇਂ ਰਜਿਸਟਰ ਹੋ ਸਕਦਾ/ਸਕਦੀ ਹਾਂ?

ਕਿਰਪਾ ਕਰਕੇ www.surreyschools.ca ’ਤੇ ਜਾ ਕੇ ਅਤੇ ਉੱਪਰ ਸੱਜੇ ਪਾਸੇ ਦਿੱਤੇ ‘ਰਜਿਸਟਰ ਟੁਡੇ’ ਬਟਨ ’ਤੇ ਕਲਿੱਕ ਕਰਕੇ ਜਾਂ ਨਾਲ ਦਿੱਤੀ ਕਿਊ ਆਰ ਕੋਡ ਨੂੰ ਸਕੈਨ ਕਰਕੇ ਆਪਣੇ ਇਲਾਕੇ ਦੇ ਸਕੂਲ ਲਈ ਰਜਿਸਟਰ ਹੋਵੋ। ਸਾਈਟ ’ਤੇ ਸਕੂਲ ਲੋਕੇਟਰ ਦਾ ਟੂਲ ਹੈ ਜਿਸ ਨੂੰ ਤੁਸੀਂ ਆਪਣੇ ਇਲਾਕੇ ਦੇ ਸਕੂਲ (ਕੈਚਮੈਂਟ ਸਕੂਲ) ਦੀ ਪਛਾਣ ਕਰਨ ਲਈ ਵਰਤ ਸਕਦੇ ਹੋ। ਜੇ ਤੁਹਾਨੂੰ ਮਦਦ ਚਾਹੀਦੀ ਹੋਵੇ ਤਾਂ ਮਦਦ ਲਈ ਆਪਣੇ ਇਲਾਕੇ ਦੇ ਸਕੂਲ ਨਾਲ ਸਿੱਧਾ ਸੰਪਰਕ ਕਰੋ।

## ਰਜਿਸਟ੍ਰੇਸ਼ਨ ਲਈ ਕਿਹੜੇ ਕਾਗਜ਼-ਪੱਤਰਾਂ (ਡਾਕੂਮੈਂਟੇਸ਼ਨ) ਦੀ ਲੋੜ ਹੈ?

ਰਜਿਸਟਰ ਹੋਣ ਸਮੇਂ ਹੇਠ ਲਿਖੇ ਕਾਗਜ਼-ਪੱਤਰਾਂ ਦੀ ਲੋੜ ਹੈ:

**ਭਾਗ ਇਕ:** ਚਾਹੀਦੇ ਕਾਗਜ਼-ਪੱਤਰ (ਜ਼ਰੂਰੀ ਨਹੀਂ ਕਿ ਇਹ ਕਾਗਜ਼-ਪੱਤਰ ਬ੍ਰਿਟਿਸ਼ ਕੋਲੰਬੀਆ ਦੇ ਹੋਣ)

1. **ਮਾਪੇ/ਕਾਨੂੰਨੀ ਗਾਰਡੀਅਨ** ਦਾ ਫੋਟੋ ਵਾਲਾ ਪਛਾਣ ਪੱਤਰ (ਫੋਟੋ ਆਈਡੈਂਟੀਫਿਕੇਸ਼ਨ) ਜਿਵੇਂ: ਡਰਾਈਵਰ ਲਾਇਸੰਸ, ਪਾਸਪੋਰਟ, ਫੋਟੋ ਵਾਲਾ ਬੀ ਸੀ ਸਰਵਿਸਜ਼ ਦਾ ਕਾਰਡ, ਬੀ ਸੀ ਆਈ ਡੀ ਕਾਰਡ। ਜ਼ਰੂਰੀ ਨਹੀਂ ਕਿ ਇਹ ਬ੍ਰਿਟਿਸ਼ ਕੋਲੰਬੀਆ ਦਾ ਹੋਵੇ।
2. ਕਾਨੂੰਨੀ ਗਾਰਡੀਅਨਸ਼ਿੱਪ ਦਾ ਸਬੂਤ (ਜਿਵੇਂ ਬੱਚੇ ਦੇ ਜਨਮ ਦੇ ਸਰਟੀਫਿਕੇਟ ’ਤੇ ਦਿਖਾਇਆ ਗਿਆ ਹੈ, ਜਾਂ ਹੋਰ ਢੁਕਵਾਂ ਕਾਗਜ਼-ਪੱਤਰ ਜਿਵੇਂ ਲੈਂਡਿਡ ਇੰਮੀਗਰੈਂਟ ਦੇ ਕਾਗਜ਼ ਜਾਂ ਗਾਰਡੀਅਨਸ਼ਿੱਪ ਆਰਡਰ)
3. **ਵਿਦਿਆਰਥੀ** ਦੀ ਜਨਮ ਤਰੀਕ ਦਾ ਸਬੂਤ (ਜਿਵੇਂ ਜਨਮ ਦਾ ਸਰਟੀਫਿਕੇਟ ਜਾਂ ਪਾਸਪੋਰਟ)

**ਭਾਗ ਦੋ:** ਮਾਪੇ/ਗਾਰਡੀਅਨ ਦੀ ਰਿਹਾਇਸ਼ ਦਾ ਸਬੂਤ

ਸਰਕਾਰ ਵਲੋਂ ਜਾਰੀ ਕੀਤੇ ਗਏ ਜਾਇਜ਼ ਕਾਗਜ਼-ਪੱਤਰ, ਜਿਹਨਾਂ ’ਤੇ ਮਾਪੇ/ਗਾਰਡੀਅਨ ਦੇ ਨਾਂ ਨਾਲ ਰਿਹਾਇਸ਼ ਦਾ ਪਤਾ ਦਿੱਤਾ ਗਿਆ ਹੋਵੇ (ਜਿਵੇਂ ਬੀ ਸੀ ਦਾ ਡਰਾਇਵਰ ਲਾਇਸੰਸ, ਬੀ ਸੀ ਸਰਵਿਸਜ਼ ਦਾ ਕਾਰਡ, ਬੀ ਸੀ ਆਈ ਡੀ ਜਾਂ ਆਈ ਸੀ ਬੀ ਸੀ ਦੇ ਰਜਿਸਟ੍ਰੇਸ਼ਨ ਦੇ ਕਾਗਜ਼ ਆਦਿ)

ਜੇ ਤੁਹਾਡੇ ਕੋਲ ਤੁਹਾਡਾ ਪਤਾ ਦਿਖਾਉਣ ਵਾਲੇ ਸਰਕਾਰ ਵਲੋਂ ਜਾਰੀ ਕੀਤੇ ਗਏ ਜਾਇਜ਼ ਕਾਗਜ਼-ਪੱਤਰ ਨਾ ਹੋਣ, ਤਾਂ ਹੇਠਾਂ ਦਿੱਤੇ ਕਾਗਜ਼-ਪੱਤਰ ਵਰਤੇ ਜਾ ਸਕਦੇ ਹਨ (ਇਹਨਾਂ ਵਿੱਚੋਂ ਘੱਟੋ ਘੱਟ 2 ਕਾਗਜ਼-ਪੱਤਰ ਦਿਉ):

- ਪ੍ਰਾਪਰਟੀ ਖ਼੍ਰੀਦਣ ਦਾ ਇਕਰਾਰਨਾਮਾ
- ਹੀਟ-ਬੱਤੀਆਂ ਦਾ ਬਿੱਲ
- ਕਿਰਾਏ ਦਾ ਇਕਰਾਰਨਾਮਾ (ਲੈਂਡਲਾਰਡ ਦਾ ਖੱਤ)
- ਸਿਹਤ ਨਾਲ ਸੰਬੰਧਿਤ ਕਾਗਜ਼-ਪੱਤਰ (ਮੈਡੀਕਲ ਰਿਪੋਰਟਾਂ ਅਤੇ ਖੱਤ)
- ਡਾਕ ਰਾਹੀਂ ਆਈ ਹੋਈ ਕੋਈ ਚਿੱਠੀ, ਜਿਸ ’ਤੇ ਨਾਂ ਅਤੇ ਰਹਿਣ ਵਾਲੇ ਦਾ ਪਤਾ ਦਿੱਤਾ ਹੋਵੇ
- ਕੰਮ ਤੋਂ ਤਨਖਾਹਾਂ ਮਿਲਣ ਦੀਆਂ ਸਲਿੱਪਾਂ
- ਬੈਂਕ ਦੀਆਂ ਸਟੇਟਮੈਂਟਾਂ
- ਕੰਮ-ਮਾਲਕ ਦਾ ਖੱਤ
- ਇਨਸ਼ੋਰੈਂਸ ਦੀਆਂ ਸਟੇਟਮੈਂਟਾਂ ਜਾਂ ਪਾਲਸੀਆਂ
- ਕਿਸੇ ਨੋਟਰੀ ਪਬਲਿਕ ਦੀ ਸਟੇਟਮੈਂਟ ਜਾਂ ਖੱਤ
- ਹੋਰ ਕਾਗਜ਼-ਪੱਤਰ ਜਿਹਨਾਂ ’ਤੇ ਰਹਿਣ ਵਾਲੇ ਦਾ ਨਾਂ ਅਤੇ ਪਤਾ ਹੋਵੇ

ਫੈਡਰਲ ਸਰਕਾਰ ਦੇ ਇੰਮੀਗਰੇਸ਼ਨ ਦੇ ਅਧਿਕਾਰੀਆਂ ਨਾਲ ਕਿਸੇ ਵਿਦਿਆਰਥੀ ਜਾਂ ਮਾਪੇ ਦੀ ਜਾਣਕਾਰੀ ਸਾਂਝੀ ਕਰਨਾ ਸਾਡੇ ਸਕੂਲ ਡਿਸਟ੍ਰਿਕਟ ਦੀ ਨੀਤੀ ਨਹੀਂ ਹੈ, ਸਿਵਾਏ ਕਿਸੇ ਉਸ ਖਾਸ ਕੇਸ ਦੇ ਜਿਸ ਵਿੱਚ ਕਾਨੂੰਨ ਵਲੋਂ ਅਜਿਹਾ ਕਰਨ ਦੀ ਮੰਗ ਕੀਤੀ ਗਈ ਹੋਵੇ।

ਬੀ ਸੀ ਦੀ ਸਰਕਾਰ ਬੇਨਤੀ ਕਰਦੀ ਹੈ ਕਿ ਬੀ ਸੀ ਵਿਚਲੇ ਸਾਰੇ ਵਿਦਿਆਰਥੀ ਵੈਕਸੀਨਾਂ ਨਾਲ ਸੰਬੰਧਿਤ ਆਪਣੀ ਸਥਿਤੀ ਬਾਰੇ ਰਿਪੋਰਟ ਕਰਨ। ਇਹ ਕਾਨੂੰਨ ਵਾਇਰਸ ਫੈਲਣ ਦੀਆਂ ਘਟਨਾਵਾਂ (ਆਊਟਬ੍ਰੇਕਸ) ਨੂੰ ਕੰਟਰੋਲ ਕਰਨ ਅਤੇ ਵਿਦਿਆਰਥੀਆਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਵਿੱਚ ਪਬਲਿਕ ਹੈਲਥ ਦੀ ਮਦਦ ਕਰਦਾ ਹੈ। ਵੈਕਸੀਨਾਂ ਦੀ ਸਥਿਤੀ ਬਾਰੇ ਰਿਪੋਰਟ ਕਰਨ ਨਾਲ ਸੰਬੰਧਿਤ ਕਾਨੂੰਨ ਬਾਰੇ ਹੋਰ ਜਾਣਕਾਰੀ ਲੈਣ ਲਈ immunizebc.ca/vaccination-status-reporting-regulation ’ਤੇ ਜਾਉ ਜਾਂ Fraserhealth.ca/immunizations ’ਤੇ ਜਾਉ।

ਸਕੂਲ ਵਿੱਚ ਕਾਮਯਾਬ ਬਦਲੀ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਐਜੂਕੇਸ਼ਨ ਟੀਮ ਨੂੰ ਵਿਦਿਆਰਥੀ ਦੀਆਂ ਸਿੱਖਣ ਦੀਆਂ ਵਿਲੱਖਣ ਅਤੇ ਵੰਨਸੁਵੰਨੀਆਂ ਲੋੜਾਂ ਬਾਰੇ ਜਾਣਕਾਰੀ ਹੋਵੇ, ਅਸੀਂ ਰਜਿਸਟਰ ਹੋਣ ਸਮੇਂ ਮਾਪਿਆਂ ਅਤੇ ਗਾਰਡੀਅਨਾਂ ਨੂੰ ਆਪਣੇ ਬੱਚੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਰਿਪੋਰਟ ਕਾਰਡ ਅਤੇ ਪੁਸ਼ਟੀ ਕਰਨ ਵਾਲੇ ਹੋਰ ਕਾਗਜ਼-ਪੱਤਰ ਹਮੇਸ਼ਾਂ ਮਦਦਗਾਰ ਹੁੰਦੇ ਹਨ।